ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗ਼ਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

ਲੰਡਨ ਤੋਂ ਅਮੀਰਾਂ ਦਾ ਪਲਾਇਨ

ਲੰਡਨ: ਬ੍ਰਿਟੇਨ ਨੇ 200 ਸਾਲ ਤੋਂ ਵੀ ਵੱਧ ਪੁਰਾਣੇ ਟੈਕਸ ਨਿਯਮ ਨੌਨ-ਡੌਮ ਨੂੰ ਇਸੇ ਸਾਲ ਅਪ੍ਰੈਲ 'ਚ ਖ਼ਤਮ ਕਰ ਦਿੱਤਾ ਹੈ। ਇਸ ਤੋਂ ਬਾਅਦ ਲੰਡਨ ਦਾ ਰੀਅਲ ਐਸਟੇਟ ਨਕਸ਼ਾ ਤੇਜ਼ੀ ਨਾਲ ਬਦਲ ਰਿਹਾ ਹੈ। ਵਿਦੇਸ਼ੀ ਮੂਲ ਦੇ ਕਈ ਸੁਪਰ-ਰਿਚ (ਬਹੁਤ ਅਮੀਰ) ਹੁਣ ਬ੍ਰਿਟੇਨ ਛੱਡ ਰਹੇ ਹਨ। ਟੈਕਸ ਤੋਂ ਬਚਣ ਲਈ ਇਹ ਅਮੀਰ ਆਪਣੀਆਂ ਕਰੋੜਾਂ ਦੀਆਂ ਕੋਠੀਆਂ ਵੇਚ ਕੇ ਦੁਬਈ, ਅਬੂਧਾਬੀ, ਮਿਲਾਨ, ਮੌਨੇਕੋ ਅਤੇ ਜਨੇਵਾ ਵਰਗੇ ਟੈਕਸ-ਫ੍ਰੈਂਡਲੀ ਸ਼ਹਿਰਾਂ ਦਾ ਰੁਖ਼ ਕਰ ਰਹੇ ਹਨ।

ਦੂਜੇ ਪਾਸੇ ਲੰਡਨ 'ਚ ਲਗਾਤਾਰ ਖ਼ਾਲੀ ਹੋ ਰਹੀਆਂ ਮਹਿੰਗੀਆਂ ਕੋਠੀਆਂ ਅਤੇ ਲੱਗਜ਼ਰੀ ਬੰਗਲਿਆਂ ਦੇ ਨਵੇਂ ਖ਼ਰੀਦਦਾਰਾਂ ਦੀ ਸੂਚੀ 'ਚ ਭਾਰਤੀ ਅਤੇ ਪਾਕਿਸਤਾਨੀ ਮੂਲ ਦੇ ਰਈਸ ਸਭ ਨੌਨ-ਡੌਮਜ਼ ਨੇ ਵੇਚੇ ਹਨ ਜੋ ਟੈਕਸ ਤੋਂ ਉੱਪਰ ਹਨ। ਇਨ੍ਹਾਂ ਤੋਂ ਨਿਯਮਾਂ ਕਾਰਨ ਦੇਸ਼ ਛੱਡ ਰਹੇ ਹਨ। ਇਲਾਵਾ ਅਰਬ ਦੇਸ਼ਾਂ, ਅਮਰੀਕਾ, ਚੀਨ, ਯਮਨ ਅਤੇ ਲਿਬਨਾਨ ਦੇ ਕਰੋੜਪਤੀ ਵੀ ਇਨ੍ਹਾਂ ਜਾਇਦਾਦਾਂ ਨੂੰ ਖ਼ਰੀਦਣ ਲਈ ਅੱਗੇ ਆ ਰਹੇ ਹਨ। ਇੱਕ ਰਿਪੋਰਟ ਮੁਤਾਬਿਕ ਸਾਲ 2025 'ਚ ਕਰੀਬ 181 ਕਰੋੜ ਰੁਪਏ ਜਾਂ ਇਸ ਤੋਂ ਵੱਧ ਕੀਮਤ ਵਾਲੇ 65 ਫ਼ੀਸਦੀ ਬੰਗਲੇ ਉਨ੍ਹਾਂ ਨੌਨ-ਡੌਮਜ਼ ਨੇ ਵੇਚੇ ਹਨ ਜੋ ਟੈਕਸ ਤੋਂ ਬਚਣ ਲਈ ਇਹ ਅਮੀਰ ਆਪਣੀਆਂ ਕਰੋੜਾਂ ਦੀਆਂ ਕੋਠੀਆਂ ਵੇਚ ਕੇ ਦੁਬਈ, ਅਬੂਧਾਬੀ, ਮਿਲਾਨ, ਮੌਨੇਕੋ ਅਤੇ ਜਨੇਵਾ ਵਰਗੇ ਟੈਕਸ-ਫ੍ਰੈਂਡਲੀ ਸ਼ਹਿਰਾਂ ਦਾ ਰੁਖ਼ ਕਰ ਰਹੇ ਹਨ।ਭਾਰਤੀ ਮੂਲ ਦੇ ਅਰਬਪਤੀ ਅਮਰਵੀਰ ਸਿੰਘ ਪੰਨੂ ਨੇ ਲੰਡਨ ਦੇ ਪੌਸ਼ ਇਲਾਕੇ ਹੈਂਪਸਟੇਡ 'ਚ 16.4 ਮਿਲੀਅਨ ਪਾਊਂਡ (ਕਰੀਬ 172 ਕਰੋੜ ਰੁਪਏ) ਦੀ ਇੱਕ ਕੋਠੀ ਖ਼ਰੀਦੀ ਹੈ। ਪੰਨੂ ਇਸ ਕੋਠੀ ਨੂੰ 50 ਲਗਜ਼ਰੀ ਅਪਾਰਟਮੈਂਟਸ 'ਚ ਤਬਦੀਲ ਕਰਨ ਦੀ ਯੋਜਨਾ ਬਣਾ ਰਹੇ ਹਨ।

ਉੱਥੇ ਹੀ ਟੈਕਸ ਕਾਨੂੰਨਾਂ 'ਚ ਬਦਲਾਅ ਤੋਂ ਬਾਅਦ ਪਿਛਲੇ ਮਹੀਨੇ ਭਾਰਤੀ ਮੂਲ ਦੇ ਸਟੀਲ ਕਾਰੋਬਾਰੀ ਲਕਸ਼ਮੀ ਮਿੱਤਲ ਨੇ ਆਪਣਾ ਟੈਕਸ ਰੈਜ਼ੀਡੈਂਸ ਬ੍ਰਿਟੇਨ ਤੋਂ ਹਟਾ ਕੇ ਸਵਿਟਜ਼ਰਲੈਂਡ ਸ਼ਿਫ਼ਟ ਕਰ ਲਿਆ ਹੈ। ਮਿੱਤਲ ਬ੍ਰਿਟੇਨ ਦੇ ਅਠਵੇਂ ਸਭ ਤੋਂ ਅਮੀਰ ਵਿਅਕਤੀ ਰਹੇ ਹਨ, ਅਤੇ ਉਨ੍ਹਾਂ ਦੀ ਕੁੱਲ ਸੰਪਤੀ ਤਕਰੀਬਨ 1.8 ਲੱਖ ਕਰੋੜ ਰੁਪਏ ਹੈ।ਰਿਪੋਰਟਾਂ 'ਚ ਖ਼ਦਸ਼ਾ ਜਤਾਇਆ ਗਿਆ ਹੈ ਕਿ ਬੇਲਗ੍ਰੇਵੀਆ ਅਤੇ ਮੇਫ਼ੇਅਰ ਵਰਗੇ ਮਹਿੰਗੇ ਇਲਾਕਿਆਂ 'ਚ ਘਰ ਖ਼ਾਲੀ ਰਹਿਣ ਦਾ ਖ਼ਤਰਾ ਵੱਧ ਸਕਦਾ ਹੈ ਕਿਉਂਕਿ ਨਵੇਂ ਖ਼ਰੀਦਦਾਰ ਇੱਥੇ ਸਾਲ ਦਾ ਬਹੁਤਾ ਸਮਾਂ ਨਹੀਂ ਰਹਿਣਗੇ।

ਮਿੱਤਲ ਵਰਗੇ ਉਦਯੋਗਪਤੀ ਨਾ ਸਿਰਫ਼ ਵੱਡਾ ਟੈਕਸ ਦਿੰਦੇ ਸਗੋਂ ਰੁਜ਼ਗਾਰ ਅਤੇ ਨਿਵੇਸ਼ ਵੀ ਲਿਆਉਂਦੇ ਹਨ। ਆਲੋਚਕਾਂ ਦੀ ਚਿਤਾਵਨੀ ਹੈ ਕਿ ਜੇਕਰ ਪੂੰਜੀ ਅਤੇ ਨਿਵੇਸ਼ ਬਾਹਰ ਚਲਾ ਗਿਆ ਤਾਂ ਬ੍ਰਿਟੇਨ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਹਾਲਾਂਕਿ ਸਰਕਾਰ ਦਾ ਤਰਕ ਹੈ ਕਿ ਇਸ ਨਾਲ ਕਰਜ਼ੇ ਦਾ ਬੋਝ ਘਟੇਗਾ ਅਤੇ ਭਲਾਈ ਯੋਜਨਾਵਾਂ ਨੂੰ ਮਜ਼ਬੂਤੀ ਮਿਲੇਗੀ।

ਇਹ 200 ਸਾਲ ਪੁਰਾਣਾ ਨਿਯਮ ਉਨ੍ਹਾਂ ਲੋਕਾਂ ਨੂੰ ਫ਼ਾਇਦਾ ਦਿੰਦਾ ਸੀ ਜੋ ਰਹਿ ਤਾਂ ਯੂਕੇ 'ਚ ਰਹੇ ਸਨ, ਪਰ ਉਨ੍ਹਾਂ ਦੀਆਂ ਜੜ੍ਹਾਂ ਦੂਜੇ ਦੇਸ਼ 'ਚ ਸਨ। ਇਸ ਤਹਿਤ ਜੇਕਰ ਕਿਸੇ ਵਿਅਕਤੀ ਦੀ ਕਮਾਈ ਵਿਦੇਸ਼ 'ਚ ਹੁੰਦੀ ਸੀ ਤਾਂ ਉਸ 'ਤੇ UK 'ਚ ਓਦੋਂ ਤਕ ਟੈਕਸ ਨਹੀਂ ਲੱਗਦਾ ਸੀ ਜਦੋਂ ਤਕ ਉਹ ਪੈਸਾ ਬ੍ਰਿਟੇਨ 'ਚ ਨਹੀਂ ਲਿਆਂਦਾ ਜਾਂਦਾ ਸੀ। ਇਸ ਤੋਂ ਇਲਾਵਾ ਇਹ ਨਿਯਮ ਵਿਦੇਸ਼ੀ ਸੰਪਤੀ 'ਤੇ ਵਿਰਾਸਤੀ ਟੈਕਸ ਤੋਂ ਵੀ ਬਚਾਅ ਕਰਦਾ ਸੀ।

ਅੰਤਰਰਾਸ਼ਟਰੀ ਅਪਰਾਧੀ ਅਬੂ ਸਲੇਮ ਲਈ 14 ਦਿਨਾਂ ਦੀ ਪੈਰੋਲ ਨਹੀਂ ਮੁਮਕਿਨ

ਮੁੰਬਈ: 1993 ਦੇ ਮੁੰਬਈ ਬੰਬ ਧਮਾਕਿਆਂ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਗੈਂਗਸਟਰ ਅਬੂ ਸਲੇਮ ਦੀ ਪੈਰੋਲ ਅਰਜ਼ੀ 'ਤੇ ਬੰਬਈ ਹਾਈ ਕੋਰਟ 'ਚ ਸੁਣਵਾਈ ਹੋਈ। ਮਹਾਰਾਸ਼ਟਰ ਸਰਕਾਰ ਨੇ ਅਦਾਲਤ 'ਚ ਸਲੇਮ ਨੂੰ ਇੱਕ ਅੰਤਰਰਾਸ਼ਟਰੀ ਅਪਰਾਧੀ ਕਰਾਰ ਦਿੰਦਿਆਂ ਉਸ ਨੂੰ 14 ਦਿਨਾਂ ਦੀ ਲੰਬੀ ਪੈਰੋਲ ਦੇਣ ਦਾ ਸਖ਼ਤ ਵਿਰੋਧ ਕੀਤਾ ਹੈ।

ਅਬੂ ਸਲੇਮ ਨੇ ਪਿਛਲੇ ਸਾਲ ਨਵੰਬਰ 'ਚ ਆਪਣੇ ਵੱਡੇ ਭਰਾ ਅਬੂ ਹਾਕਿਮ ਅੰਸਾਰੀ ਦੀ ਮੌਤ ਹੋਣ ਕਾਰਨ ਅੰਤਿਮ ਰਸਮਾਂ 'ਚ ਸ਼ਾਮਿਲ ਹੋਣ ਲਈ 14 ਦਿਨਾਂ ਦੀ ਐਮਰਜੈਂਸੀ ਪੈਰੋਲ ਮੰਗੀ ਸੀ। ਸਲੇਮ ਅਨੁਸਾਰ ਉਸ ਨੇ 15 ਨਵੰਬਰ ਨੂੰ ਅਰਜ਼ੀ ਦਿੱਤੀ ਸੀ, ਪਰ ਜੇਲ੍ਹ ਅਧਿਕਾਰੀਆਂ ਨੇ 20 ਨਵੰਬਰ ਨੂੰ ਉਸ ਨੂੰ ਰੱਦ ਕਰ ਦਿੱਤਾ।

ਸਰਕਾਰੀ ਵਕੀਲ ਮਨਖ਼ੁਵਰ ਦੇਸ਼ਮੁਖ ਨੇ ਅਦਾਲਤ ਨੂੰ ਦੱਸਿਆ ਕਿ ਸਲੇਮ ਦੀ ਗੰਭੀਰ ਅਪਰਾਧਿਕ ਪਿਛੋਕੜ ਨੂੰ ਵੇਖ਼ਦੇ ਹੋਏ ਉਸ ਨੂੰ 14 ਦਿਨਾਂ ਦੀ ਪੈਰੋਲ ਨਹੀਂ ਦਿੱਤੀ ਜਾ ਸਕਦੀ। ਜੇਲ੍ਹ ਅਧਿਕਾਰੀਆਂ ਨੇ ਸੁਝਾਅ ਦਿੱਤਾ ਹੈ ਕਿ ਉਸ ਨੂੰ ਪੁਲੀਸ ਸੁਰੱਖਿਆ ਹੇਠ ਸਿਰਫ਼ ਦੋ ਦਿਨਾਂ ਦੀ ਐਮਰਜੈਂਸੀ ਪੈਰੋਲ ਦਿੱਤੀ ਜਾ ਸਕਦੀ ਹੈ ਜਿਸ ਦਾ ਸਾਰਾ ਖ਼ਰਚਾ ਸਲੇਮ ਨੂੰ ਖ਼ੁਦ ਚੁੱਕਣਾ ਪਵੇਗਾ।

ਸਲੇਮ ਦੀ ਵਕੀਲ ਫ਼ਰਹਾਨਾ ਸ਼ਾਹ ਨੇ ਦਲੀਲ ਦਿੱਤੀ ਕਿ ਦੋ ਦਿਨਾਂ ਦਾ ਸਮਾਂ ਬਹੁਤ ਘੱਟ ਹੈ ਕਿਉਂਕਿ ਉਸ ਨੇ ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜਾਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਲੇਮ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਹੈ, ਅਤੇ ਉਹ ਇੱਕ ਭਾਰਤੀ ਨਾਗਰਿਕ ਹੈ, ਇਸ ਲਈ ਇੰਨੀ ਸਖ਼ਤ ਪੁਲੀਸ ਸੁਰੱਖਿਆ ਦੀ ਲੋੜ ਨਹੀਂ।

ਜਸਟਿਸ ਅਜੇ ਗਡਕਰੀ ਅਤੇ ਜਸਟਿਸ ਸ਼ਿਆਮ ਚੰਡਕ ਦੀ ਬੈਂਚ ਨੇ ਸਰਕਾਰ ਨੂੰ ਹਿਦਾਇਤ ਕੀਤੀ ਹੈ ਕਿ ਉਹ ਇੱਕ ਹਲਫ਼ਨਾਮਾ ਦਾਇਰ ਕਰ ਕੇ ਦੱਸਣ ਕਿ ਸਲੇਮ ਨੂੰ 14 ਦਿਨਾਂ ਦੀ ਪੈਰੋਲ ਦੇਣ 'ਚ ਕੀ ਖ਼ਤਰੇ ਜਾਂ ਚਿੰਤਾਵਾਂ ਹਨ। ਮਾਮਲੇ ਦੀ ਅਗਲੀ ਸੁਣਵਾਈ ਹੁਣ ਅਗਲੇ ਹਫ਼ਤੇ ਹੋਵੇਗੀ। ਅਬੂ ਸਲੇਮ ਨਵੰਬਰ 2005 'ਚ ਆਪਣੀ ਗ੍ਰਿਫ਼ਤਾਰੀ ਤੋਂ ਬਾਅਦ ਜੇਲ੍ਹ 'ਚ ਹੈ।

ਉਸ ਨੇ ਅਦਾਲਤ ਨੂੰ ਦੱਸਿਆ ਕਿ ਪਿਛਲੇ 19 ਸਾਲਾਂ 'ਚ ਉਸ ਨੂੰ ਸਿਰਫ਼ ਆਪਣੀ ਮਾਂ ਅਤੇ ਮਤਰੇਈ ਮਾਂ ਦੀ ਮੌਤ ਵੇਲੇ ਹੀ ਕੁੱਝ ਦਿਨਾਂ ਦੀ ਹੀ ਪੈਰੋਲ ਮਿਲੀ ਸੀ।

Trump ਦੇ Irani ਪ੍ਰਦਰਸ਼ਨਕਾਰੀਆਂ ਦੀ ਮਦਦ ਦੇ ਵਾਅਦੇ 'ਤੇ ਰੂਸ ਵਲੋਂ ਖੁੱਲ੍ਹੀ ਚੇਤਾਵਨੀ

ਮੌਸਕੋ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਈਰਾਨ 'ਚ ਚੱਲ ਰਹੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੀ ਖੁੱਲ੍ਹ ਕੇ ਹਮਾਇਤ ਕਰਨ ਅਤੇ ਰੂਸ ਵਲੋਂ ਇਸ ਮਾਮਲੇ 'ਚ ਅਮਰੀਕਾ ਨੂੰ ਸਖ਼ਤ ਚੇਤਾਵਨੀ ਦੇਣ ਨਾਲ ਵਿਸ਼ਵ ਪੱਧਰ 'ਤੇ ਤਨਾਅ ਵੱਧ ਗਿਆ ਹੈ। ਸੂਤਰਾਂ ਅਨੁਸਾਰ ਰਾਸ਼ਟਰਪਤੀ Trump ਨੇ ਈਰਾਨੀ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਮਦਦ ਜਲਦੀ ਪਹੁੰਚ ਰਹੀ ਹੈ।"

ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਪਲੈਟਫ਼ੌਰਮ ਟਰੂਥ ਸੋਸ਼ਲ 'ਤੇ ਪੋਸਟ ਕਰਦਿਆਂ ਈਰਾਨੀ ਦੇਸ਼ਭਗਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸੰਸਥਾਵਾਂ 'ਤੇ ਕਬਜ਼ਾ ਕਰਨ ਅਤੇ ਪ੍ਰਦਰਸ਼ਨ ਜਾਰੀ ਰੱਖਣ। ਉਨ੍ਹਾਂ ਚੇਤਾਵਨੀ ਦਿੱਤੀ ਕਿ ਪ੍ਰਦਰਸ਼ਨਕਾਰੀਆਂ 'ਤੇ ਤਸ਼ੱਦਦ ਕਰਨ ਵਾਲਿਆਂ ਨੂੰ ਵੱਡੀ ਕੀਮਤ ਚੁਕਾਉਣੀ ਪਏਗੀ। Trump ਨੇ ਸਪੱਸ਼ਟ ਕੀਤਾ ਕਿ ਜਦੋਂ ਤਕ ਪ੍ਰਦਰਸ਼ਨਕਾਰੀਆਂ ਦਾ ਕਤਲੇਆਮ ਨਹੀਂ ਰੁਕਦਾ, ਉਹ ਈਰਾਨੀ ਅਧਿਕਾਰੀਆਂ ਨਾਲ ਸਾਰੀਆਂ ਮੀਟਿੰਗਾਂ ਰੱਦ ਕਰਦੇ ਹਨ।

ਦੱਸਣਯੋਗ ਹੈ ਕਿ ਈਰਾਨ 'ਚ ਹੋਏ ਕਰੈਕਡਾਊਨ ਦੌਰਾਨ ਲਗਭਗ ਦੋ ਹਜ਼ਾਰ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਹਨ। ਕੁੱਝ ਰੀਪੋਰਟਾਂ ਅਨੁਸਾਰ ਇਹ ਗਿਣਤੀ 12 ਹਜ਼ਾਰ ਤੋਂ ਵੀ ਵੱਧ ਦੱਸੀ ਜਾ ਰਹੀ ਹੈ।

ਰੂਸ ਦੀ ਸਖ਼ਤ ਚੇਤਾਵਨੀ: ਦੂਜੇ ਪਾਸੇ ਰੂਸ ਨੇ ਅਮਰੀਕਾ ਦੀ ਇਸ ਕਾਰਵਾਈ ਨੂੰ ਵਿਨਾਸ਼ਕਾਰੀ ਦੱਸਿਆ ਹੈ। ਰੂਸੀ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਮਰੀਕਾ ਨੂੰ ਮੱਧ ਪੂਰਬ ਅਤੇ ਵਿਸ਼ਵ ਸੁਰੱਖਿਆ ਲਈ ਇਸ ਸਥਿਤੀ ਦੇ ਭਿਆਨਕ ਨਤੀਜਿਆਂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਰੂਸ ਨੇ ਈਰਾਨ ਦੇ ਅੰਦਰੂਨੀ ਮਾਮਲਿਆਂ 'ਚ ਬਾਹਰੀ ਦਖ਼ਲਅੰਦਾਜ਼ੀ ਨੂੰ ਬਿਲਕੁਲ ਨਾਕਾਬਿਲ-ਏ-ਬਲਦਾਸ਼ਤ ਕਰਾਰ ਦਿੱਤਾ ਹੈ। ਰੂਸੀ ਬਿਆਨ 'ਚ ਜੂਨ 2025 'ਚ ਈਰਾਨ ਵਿਰੁੱਧ ਹੋਈ ਕਾਰਵਾਈ ਦਾ ਹਵਾਲਾ ਦਿੰਦੇ ਹੋਏ ਮੁੜ ਅਜਿਹੀ ਹਮਾਕਤ ਨਾ ਕਰਨ ਦੀ ਚੇਤਾਵਨੀ ਦਿੱਤੀ ਗਈ ਹੈ।

ਰਾਸ਼ਟਰਪਤੀ ਟਰੰਪ ਨੇ ਇਹ ਵੀ ਐਲਾਨ ਕੀਤਾ ਹੈ ਕਿ ਜਿਹੜਾ ਵੀ ਦੇਸ਼ ਈਰਾਨ ਨਾਲ ਵਪਾਰ ਕਰੇਗਾ, ਉਸ ਨੂੰ ਅਮਰੀਕਾ ਨਾਲ ਕੀਤੇ ਜਾਣ ਵਾਲੇ ਵਪਾਰ 'ਤੇ 25 ਫ਼ੀਸਦੀ ਟੈਰਿਫ਼ ਅਦਾ ਕਰਨਾ ਪਵੇਗਾ। ਇਸ ਫ਼ੈਸਲੇ ਦੀ ਚੀਨ ਨੇ ਸਖ਼ਤ ਨਿਖੇਧੀ ਕੀਤੀ ਹੈ ਅਤੇ ਜਵਾਬੀ ਕਾਰਵਾਈ ਕਰਨ ਦੀ ਧਮਕੀ ਦਿੱਤੀ ਹੈ।

ਸੂਤਰਾਂ ਅਨੁਸਾਰ ਰੂਸ ਅਤੇ ਈਰਾਨ ਦੇ ਸਬੰਧ ਲਗਾਤਾਰ ਮਜ਼ਬੂਤ ਹੋ ਰਹੇ ਹਨ। ਪਿਛਲੇ ਚਾਰ ਸਾਲਾਂ 'ਚ ਈਰਾਨ ਨੇ ਰੂਸ ਨੂੰ 2.7 ਬਿਲੀਅਨ ਡਾਲਰ ਦੇ ਮਿਜ਼ਾਈਲ ਭੇਜੇ ਹਨ, ਅਤੇ ਰੂਸ ਈਰਾਨ 'ਚ 25 ਬਿਲੀਅਨ ਡਾਲਰਾਂ ਦੀ ਲਾਗਤ ਨਾਲ ਚਾਰ ਨਵੇਂ ਪ੍ਰਮਾਣੂ ਪਲਾਂਟ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਸਥਿਤੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਨਵਾਂ ਕੂਟਨੀਤਕ ਸੰਕਟ ਪੈਦਾ ਕਰ ਦਿੱਤਾ ਹੈ ਜਿੱਥੇ ਇੱਕ ਪਾਸੇ ਅਮਰੀਕਾ ਈਰਾਨੀ ਪ੍ਰਦਰਸ਼ਨਕਾਰੀਆਂ ਦੇ ਹੱਕ 'ਚ ਖੜ੍ਹਾ ਹੈ, ਉੱਥੇ ਹੀ ਰੂਸ ਅਤੇ ਚੀਨ US ਨੀਤੀਆਂ ਦਾ ਵਿਰੋਧ ਕਰ ਰਹੇ ਹਨ।

ਕੈਨੇਡਾ 'ਚ ਦੋ ਪੰਜਾਬੀ ਲੜਕੇ ਅਤੇ ਇੱਕ ਲੜਕੀ ਗ੍ਰਿਫ਼ਤਾਰ



ਬਰੈਂਪਟਨ: ਬਰੈਂਪਟਨ 'ਚ ਪੁਲੀਸ ਨੇ ਵਾਹਨ ਚੋਰੀ ਕਰਨ ਵਾਲੇ ਇੱਕ ਨੈੱਟਵਰਕ ਦਾ ਪਰਦਾਫ਼ਾਸ਼ ਕਰਦਿਆਂ ਭਾਰਤੀ ਮੂਲ ਦੇ ਤਿੰਨ ਕੈਨੇਡੀਅਨ ਪੰਜਾਬੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਕਾਰਵਾਈ ਦੌਰਾਨ ਚੋਰੀ ਕੀਤੇ ਗਏ ਤਿੰਨ ਵਾਹਨ ਵੀ ਬਰਾਮਦ ਕੀਤੇ ਗਏ ਹਨ।

ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਤਿੰਨ ਨੌਜਵਾਨਾਂ 'ਚ ਦੋ ਲੜਕੇ ਅਤੇ ਇੱਕ ਲੜਕੀ ਸ਼ਾਮਿਲ ਹੈ ਜਿਨ੍ਹਾਂ ਦੀ ਪਛਾਣ ਅੰਮ੍ਰਿਤਪਾਲ ਖੱਟੜਾ (28 ਸਾਲ), ਗੁਰਤਾਸ ਭੁੱਲਰ (33 ਸਾਲ) ਅਤੇ ਮਨਦੀਪ ਕੌਰ (32 ਸਾਲ) ਵਜੋਂ ਹੋਈ ਹੈ। ਇਹ ਮਾਮਲਾ ਦਸੰਬਰ 2025 'ਚ ਸ਼ੁਰ ਹੋਈ ਇੱਕ ਵਿਸ਼ੇਸ਼ ਜਾਂਚ ਦਾ ਨਤੀਜਾ ਹੈ ਜੋ ਕਿ ਵਾਹਨਾਂ ਅਤੇ ਟ੍ਰੈਕਟਰ-ਟ੍ਰੇਲਰਾਂ ਦੀ ਚੋਰੀ ਦੇ ਨਾਲ-ਨਾਲ ਵਾਹਨਾਂ ਨਾਲ ਸਬੰਧਤ ਧੋਖਾਧੜੀ ਕਰਨ ਵਾਲੇ ਇੱਕ ਗਿਰੋਹ 'ਤੇ ਕੇਂਦ੍ਰਿਤ ਸੀ। 8 ਜਨਵਰੀ 2026 ਨੂੰ ਪੁਲੀਸ ਨੇ ਬਰੈਂਪਟਨ 'ਚ ਇੱਕ ਘਰ ਦੀ ਤਲਾਸ਼ੀ ਲਈ ਜਿੱਥੋਂ ਚੋਰੀ ਦੇ ਤਿੰਨ ਵਾਹਨ ਮਿਲੇ ਜਿਨ੍ਹਾਂ 'ਤੇ ਜਾਅਲੀ ਓਨਟੈਰੀਓ ਲਾਇਸੈਂਸ ਪਲੇਟਾਂ ਲੱਗੀਆਂ ਹੋਈਆਂ ਸਨ।

ਇਸ ਮਾਮਲੇ 'ਚ ਅੰਮ੍ਰਿਤਪਾਲ ਖੱਟੜਾ ਅਤੇ ਗੁਰਤਾਸ ਭੁੱਲਰ 'ਤੇ ਵਾਹਨ ਚੋਰੀ ਦੀ ਕੋਸ਼ਿਸ਼, ਚੋਰੀ ਦਾ ਸਾਮਾਨ ਰੱਖਣ, ਚੋਰੀ ਦੇ ਔਜ਼ਾਰ ਰੱਖਣ ਅਤੇ ਅਦਾਲਤ ਵਲੋਂ ਪਹਿਲਾਂ ਜਾਰੀ ਕੀਤੇ ਗਏ ਰਿਹਾਈ ਹੁਕਮਾਂ ਦੀ ਉਲੰਘਣਾ ਕਰਨ ਸਣੇ ਕਈ ਦੋਸ਼ ਲਗਾਏ ਗਏ ਹਨ। ਪੁਲੀਸ ਨੇ ਦੱਸਿਆ ਕਿ ਗ੍ਰਿਫ਼ਤਾਰੀ ਦੇ ਸਮੇਂ ਇਹ ਦੋਵੇਂ ਪਹਿਲਾਂ ਹੀ ਹੋਰ ਅਪਰਾਧਾਂ ਦੇ ਸਬੰਧ 'ਚ ਜ਼ਮਾਨਤ 'ਤੇ ਸਨ ਜਦ ਕਿ ਮਨਦੀਪ ਕੌਰ 'ਤੇ ਚੋਰੀ ਦਾ ਸਾਮਾਨ ਰੱਖਣ ਅਤੇ ਜਾਅਲੀ ਪਲੇਟਾਂ ਰੱਖਣ ਦੇ ਦੋਸ਼ ਲਾਏ ਗਏ ਹਨ।

ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦਾਂ ਦੀ ਦੇਖਭਾਲ 905-450-5600
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

ਬਲਾਚੌਰੀਆ ਦੇ ਮਾਮਲੇ 'ਚ ਦੋ ਸ਼ੂਟਰਜ਼ ਗ੍ਰਿਫ਼ਤਾਰ



ਜਲੰਧਰ: ਗਲੀਆਂ ਮਾਰ ਕੇ ਕਤਲ ਕੀਤੇ ਗਏ ਰਾਣਾ ਬਲਾਚੌਰੀਆ ਦੇ ਮਾਮਲੇ 'ਚ ਵੱਡੀ ਅਪਡੇਟ ਮਿਲੀ ਹੈ। ਦਰਅਸਲ ਬਲਾਚੌਰੀਆ ਕਤਲ ਦੇ ਮਾਮਲੇ 'ਚ ਪੰਜਾਬ ਪੁਲੀਸ ਨੇ ਵੱਡੀ ਕਾਰਵਾਈ ਕੀਤੀ ਹੈ। ਪੰਜਾਬ ਪੁਲੀਸ ਨੇ ਦੋ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਸ਼ੂਟਰਾਂ ਨੂੰ ਪੱਛਮੀ ਬੰਗਾਲ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਫ਼ੜੇ ਗਏ ਸ਼ੂਟਰਾਂ ਦੀ ਪਛਾਣ ਕਰਨ ਪਾਠਕ ਤੇ ਤਰਨਦੀਪ ਸਿੰਘ ਵਜੋਂ ਹੋਈ ਹੈ। ਇਹ ਕਾਰਵਾਈ ਪੱਛਮੀ ਬੰਗਾਲ STF ਸੈਂਟਰਲ ਏਜੰਸੀਆਂ ਦੀ ਮਦਦ ਨਾਲ ਕੀਤੀ ਗਈ ਹੈ।

ਪੰਜਾਬ ਪੁਲੀਸ ਦੀ ਐਂਟੀ-ਗੈਂਗਸਟਰ ਟਾਸਕ ਫ਼ੋਰਸ (AGTF) ਨੇ ਪੰਜਾਬ, ਮਹਾਂਰਾਸ਼ਟਰ, ਕਰਨਾਟਕ, ਪੱਛਮੀ ਬੰ